दफतर ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.),ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8,ਐਸ. ਏ. ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਹੁਕਮ ਨੰ:5/1-2005ਦਅ(5)
ਮਿਤੀ:23.01.2013

ਸ਼੍ਰੀ ਅਰਵਿੰਦ ਕੁਮਾਰ, ਕਲੱਰਕ, ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸਸਸਸ ਕਲਿਆਣ(ਸੰਗਰੂਰ) ਵਿਰੁੱਧ ਐਫ.ਆਈ.ਆਰ. ਨੰ: 109 ਮਿਤੀ 13.09.2004 ਥਾਣਾ ਬੱਸੀ ਪਠਾਣਾਂ(ਫਤਿਹਗੜ੍ਹ ਸਾਹਿਬ ) ਵਿਖੇ ਦਰਜ ਹੋਈ ਸੀ।ਮਾਨਯੋਗ ਚੀਫ ਜੁਡੀਸ਼ਿਅਲ ਮੈਜਿਸਟਰੇਟ ਫਤਿਹਗੜ੍ਹ ਸਾਹਿਬ ਮਿਸ ਬਲਜਿੰਦਰ ਸਿੱਧੂ ਦੀ ਅਦਾਲਤ ਵੱਲੋਂ ਮਿਤੀ 12.04.2012 ਨੂੰ ਦੋ ਸਾਲ ਦੀ ਕੈਦ ਅਤੇ 1000/- ਰੁ: ਜੁਰਮਾਨਾ ਕੀਤਾ ਸੀ।

ਇਸ ਕਰਮਚਾਰੀ ਨੂੰ ਭਾਰਤੀ ਦੰਡਾਂਵਲੀ ਦੀ ਧਾਰਾ 409,467,468,471,420,120 ਬੀ ਆਈ ਪੀ ਸੀ ਦੇ ਅਧੀਨ ਸਜਾ ਸੁਣਾਈ ਗਈ ਹੈ। ਕਿਉਂ ਜੋ ਕਰਮਚਾਰੀ ਨੂੰ ਹੇਰਾ ਫੇਰੀ ਕਰਨ ਅਤੇ ਸਰਕਾਰੀ ਰਿਕਾਰਡ ਨਾਲ ਛੇੜ ਛਾੜ ਕਰਨ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ,ਇਸ ਲਈ ਉਸ ਨੂੰ ਸਰਕਾਰੀ ਸੇਵਾ ਵਿੱਚ ਚਾਲੂ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 13(i) ਤਹਿਤ ਮੇਰੀ ਤਸੱਲੀ ਹੋ ਗਈ ਹੈ ਕਿ ਫੌਜਦਾਰੀ ਮੁਕੱਦਮੇਂ ਵਿੱਚ ਕਰਮਚਾਰੀ ਦੇ ਆਚਰਨ ਕਾਰਨ ਉਸ ਨੂੰ ਸੰਗੀਨ ਜੁਰਮਾਂ ਵਿੱਚ ਦੋਸ਼ੀ ਠਹਿਰਾਏ ਜਾਣ ਕਾਰਨ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਉਪਰੋਕਤ ਨਿਯਮਾਂ ਦੇ ਨਿਯਮ 8 ਅਧੀਨ ਹੋਰ ਵਿਭਾਗੀ ਪੜਤਾਲ ਕਰਵਾਉਣ ਦੀ ਕੋਈ ਜਰੂਰਤ ਨਹੀਂ ਹੈ। ਇਨ੍ਹਾਂ ਕਾਰਨਾਂ ਕਰਕੇ ਸ਼੍ਰੀ ਅਰਵਿੰਦ ਕੁਮਾਰ, ਕਲੱਰਕ, ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸਸਸਸ ਕਲਿਆਣ(ਸੰਗਰੂਰ) ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ 1970 ਦੇ ਰੂਲ 5(ix) ਤਹਿਤ ਵਰਣਿਤ ਸਜਾ ਦਿੰਦੇ ਹੋਏ ਤੁਰੰਤਕਾਲ ਸੇਵਾ ਤੋਂ ਬਰਖਾਸਤ ਕੀਤਾ ਜਾਂਦਾ ਹੈ ਅਤੇ ਕਰਮਚਾਰੀ ਨੂੰ ਭਵਿੱਖ ਵਿੱਚ ਕੋਈ ਵੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਂਦਾ ਹੈ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.) ਪੰਜਾਬ

ਪਿੱਠ ਅੰਕਣ ਨੰ: ਉਕਤ 415-17 ਮਿਤੀ: 23.01.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ,ਸਕੂਲ ਸਿੱਖਿਆ,ਪੰਜਾਬ, ਸੈਕਟਰ-34, ਚੰਡੀਗੜ੍ਹ।
2. ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਫਤਿਹਗੜ੍ਹ ਸਾਹਿਬ/ਸੰਗਰੂਰ
3. ਸ਼੍ਰੀ ਅਰਵਿੰਦ ਕੁਮਾਰ, ਕਲੱਰਕ, ਸਸਸਸ ਬੱਸੀ ਪਠਾਣਾਂ(ਮੁੰਡੇ) ਜਿਲ੍ਹਾ ਫਤਿਹਗੜ੍ਹ ਸਾਹਿਬ, ਹੁਣ ਸਸਸਸ ਕਲਿਆਣ(ਸੰਗਰੂਰ)

23/1/2013

ਅਮਲਾ ਅਫਸਰ